ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ 44/CC ਮਿਤੀ 26/6/15

ਨਕਲ ਪੱਤਰ ਨੰਬਰ: 17/96/14-1ਸਪ3/517928 ਮਿਤੀ 25/6/15 ਵੱਲੋਂ ਪੰਜਾਬ ਸਰਕਾਰ, ਸਿੰਚਾਈ ਵਿਭਾਗ, (ਸਿੰ.ਪ੍ਰੋ-3 ਸਾਖਾ)

ਵੱਲ ਮੁੱਖ ਇੰਜੀਨੀਅਰ, ਨਹਿਰਾਂ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ।

**ਵਿਸਾ:-** **International Day Against Abuse & Illicit Trafficking ਤੇ ਨਸਾ ਨਾ ਕਰਨ ਦੀ ਸੁੰਹ ਚੁੱਕਣ ਸੰਬਧੀ**

2 ਵਿਸੇ ਅੰਕਿਤ ਕੇਸ ਦੇ ਸਬੰਧ ਵਿੱਚ ਸਿਹਤ ਤੇ ਪਰਿਵਾਰ ਭਲਾਈ ਵੱਲੋਂ ਪ੍ਰਾਪਤ ਪੱਤਰ ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇ ।

**(ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ)**

ਜਿਵੇਂ ਕਿ ਆਪ ਨੂੰ ਪਤਾ ਹੀ ਹੋਵੇਗਾ ਕਿ ਦੁਨੀਆ ਭਰ ਵਿੱਚ International Day Against Abuse & Illicit Trafficking ਮਿਤੀ 26 ਜੂਨ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਇਸ ਵਾਰ ਸਮੂਹ ਰਾਜ ਵਿੱਚ ਉਚੇਚੇ ਤੌਰ ਤੇ ਮਨਾਏ ਜਾਣ ਦਾ ਫੈਸਲਾ ਸਰਕਾਰ ਵੱਲੋਂ ਲਿਆ ਗਿਆ ਹੈ।

**ਇਸ ਮੌਕੇ ਤੇ ਮਾਨਯੋਗ ਮੁੱਖ ਮੰਤਰੀ ਜੀ ਦਾ ਸੰਦੇਸ ਪੰਜਾਬ ਰਾਜ ਭਰ ਵਿੱਚ ਪ੍ਰਸਾਰਿਤ ਕੀਤਾ ਜਾਵੇਗਾ ।**

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੇ ਅਧੀਨ ਕੰਮ ਕਰ ਰਹੇ ਸਮੂਹ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਦੇ ਕਰਮਚਾਰੀਆਂ ਨੂੰ ਹੇਠ ਅਨੁਸਾਰ ਸੁੰਹ ਚੁਕਾਈ ਜਾਵੇ ।

* ਮੈ ਸੁੰਹ ਚੁੱਕਦਾ/ਚੁੱਕਦੀ ਹਾਂ ਕਿ ਨਾਂ ਖੁੱਦ ਕਿਸੇ ਕਿਸਮਤ ਦੇ ਨਸੇ ਦੀ ਵਰਤੋਂ ਕਰਾਂਗਾ/ਕਰਾਂਗੀ ਅਤੇ ਨਾ ਹੀ ਆਪਣੇ ਪਰਿਵਾਰ ਅਤੇ ਸਕੇ ਸਬੰਧੀਆਂ ਨੂੰ ਕਰਨ ਦੇਵਾਂਗਾ/ਦੇਵਾਂਗੀ ।

* ਮੈਂ ਆਪਣੀ ਜਾਣਕਾਰੀ ਵਿੱਚ ਆਉਣ ਵਾਲੇ ਹਰ ਨਸੇ ਦੇ ਆਦੀ ਵਿਅਕਤੀ ਨੂੰ ਨਸਾ ਛੱਡਣ ਲਈ ਅਤੇ ਇਲਾਜ ਕਰਾਉਣ ਲਈ ਪ੍ਰੇਰਿਤ ਕਰਾਂਗਾ/ਕਰਾਂਗੀ ।

* ਮੈਂ ਨਸਾ ਕਰਨ ਵਾਲੇ ਵਿਆਕਤੀ ਨੂੰ ਘਿਰਣਾ ਦੀ ਨਜਰ ਨਾਲ ਨਹੀਂ ਵੇਖਾਂਗਾ/ਵੇਖਾਂਗੀ ਅਤੇ ਬਾਕੀ ਲੋਕਾਂ ਦੀ ਤਰਾਂ ਬਰਾਬਰੀ ਦਾ ਸਲੂਕ ਕਰਾਂਗਾ/ਕਰਾਂਗੀ ।

* ਮੈਂ ਨਸਾ ਕਰਨ ਵਾਲੇ ਵਿਅਕਤੀ ਦੀ ਨਸੇ ਦੇ ਚੁੰਗਲ ਵਿਚ ਨਿਕਲਣ ਲਈ ਹਰ ਸੰਭਵ ਮੱਦਦ ਕਰਾਂਗਾਂ/ਕਰਾਂਗੀ ।

ਇਸ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਸੂਚਨਾ ਇਸ ਦਫਤਰ ਨੂੰ ਮਿਤੀ 30 ਜੂਨ 2015 ਤੱਕ ਨੱਥੀ ਪ੍ਰਫਾਰਮੇ ਅਨੁਸਾਰ ਭੇਜੀ ਜਾਵੇ ।

***

***ਨਸਿਆ ਦੇ ਵਿਰੁੱਧ ਅਤੇ ਨਸਿਆਂ ਦੀ ਨਜਾਇਜ ਵਿੱਕਰੀ ਵਿਰੁੱਧ ਅੰਤਰ ਰਾਸਟਰੀ ਦਿਹਾੜਾ, 26 ਜੂਨ 2015।***

1 ਦਫਤਰ ਦਾਨਾਂ
2 ਕਰਮਚਾਰੀਆਂ ਦੀ ਗਿਣਤੀ
3 ਸੁੰਹ ਚੁੱਕ ਸਮਾਗਮ ਵਿੱਚ ਕਿੰਨੇ ਕਰਮਚਾਰੀਆਂ ਨੇ ਭਾਗ ਲਿਆ
4 ਸਮਾਗਮ ਦੀ ਪ੍ਰਧਾਨਗੀ ਕਿਸ ਨੇ ਕੀਤੀ
5 ਫੋਟੋਗਰਾਫ

****

ਪਿੱਠ ਅੰਕਣ ਨੰਬਰ 4822-80/5 ਈ.ਜੀ ਮਿਤੀ: 25/6/2015

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ਜੀ-:

1. ਸਮੂਹ ਮੁੱਖ ਇੰਜੀਨੀਅਰਜ ਸਿੰਚਾਈ ਵਿਭਾਗ,ਪੰਜਾਬ ।
2. ਸਮੂਹ ਨਿਗਰਨ ਇੰਜੀਨੀਅਰਜ/ਡਾਇਰੈਕਟਰਜ/ਕਾਰਜਕਾਰੀ ਇੰਜਨੀਅਰ, ਸਿੰਚਾਈ ਵਿਭਾਗ,ਪੰਜਾਬ ।
3. ਰਜਿਸਟਰਾਰ,ਸਿੰਚਾਈ ਵਿਭਾਗ,ਪੰਜਾਬ (ਪ੍ਰਸਾਸਨ ਸਾਖਾ ) ਮੁੱਖ ਦਫਤਰ, ਚੰਡੀਗੜ੍ਹ ।
4. ਪ੍ਰਬੰਧਕ ਅਫਸਰ-2,ਸਿੰਚਾਈ ਵਿਭਾਗ,ਪੰਜਾਬ (ਨਗਅ-2 ਸਾਖਾ) ਚੰਡੀਗੜ੍ਹ ।
5. ਸਮੂਹ ਸਾਖਾਵਾਂ ਦੇ ਸੁਪਰਡੰਟ, ਸਿੰਚਾਈ ਵਿਭਾਗ, ਮੁੱਖ ਦਫਤਰ , ਚੰਡੀਗੜ੍ਹ।

ਸੁਪਰਡੰਟ/ਈ.ਜੀ ਸਾਖਾ
ਵਾ: ਮੁੱਖ ਇੰਜੀਨੀਅਰ,ਸਿੰਚਾਈ ਵਿਭਾਗ,
ਪੰਜਾਬ,ਚੰਡੀਗੜ੍ਹ ।